# IBSA Foreign Ministers’ Virtual Meeting

September 16, 2020

………………………………………………………………………………………………

## IBSA ਵਿਦੇਸ਼ ਮੰਤਰੀਆਂ ਦੀ ਵਰਚੁਅਲ ਬੈਠਕ

**16 ਸਤੰਬਰ, 2020**

ਭਾਰਤੀ ਗਣਰਾਜ ਦੇ ਵਿਦੇਸ਼ ਮੰਤਰੀ ਸ੍ਰੀ ਐਸ. ਜੈਸ਼ੰਕਰ ਨੇ 16 ਸਤੰਬਰ, 2020 ਨੂੰ ਵੀਡੀਓ ਕਾਨਫਰੰਸਿੰਗ ਰਾਹੀਂ IBSA ਦੇ ਵਿਦੇਸ਼ ਮੰਤਰੀਆਂ ਦੀ ਰਿਵਾਇਤੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਸਾਊਥ ਅਫਰੀਕੀ ਗਣਰਾਜ ਦੀ ਕੌਮਾਂਤਰੀ ਸੰਬੰਧਾਂ ਅਤੇ ਸਹਿਕਾਰਤਾ ਬਾਰੇ ਮੰਤਰੀ ਸ਼੍ਰੀਮਤੀ ਗ੍ਰੇਸ ਨਾਲੇਡੀ ਮੰਡੀਸਾ ਪਾਂਡੋਰ ਅਤੇ ਬ੍ਰਾਜ਼ੀਲੀ ਸੰਘੀ ਗਣਰਾਜ ਦੇ ਕੌਮੀ ਪ੍ਰਭੂਸੱਤਾ ਅਤੇ ਨਾਗਰਿਕਤਾ ਸੱਕਤਰ (ਉਪ-ਮੰਤਰੀ) ਰਾਜਦੂਤ ਫੈਬੀਓ ਮਾਰਜ਼ਾਨੋ ਨੇ ਆਪੋ ਆਪਣੇ ਵਫਦਾਂ ਦੀ ਅਗਵਾਈ ਕੀਤੀ।

ਮੰਤਰੀਆਂ ਨੇ IBSA ਭਾਈਵਾਲੀ ਨੂੰ ਅੱਗੇ ਵਧਾਉਣ ਬਾਰੇ ਵਿਚਾਰ ਵਟਾਂਦਰੇ ਕੀਤੇ। ਮੰਤਰੀਆਂ ਨੇ ਸ਼ਾਂਤੀ, ਸੁਰੱਖਿਆ, ਅੱਤਵਾਦ ਦਾ ਮੁਕਾਬਲਾ, ਮੌਸਮੀ ਬਦਲਾਅ, ਟਿਕਾਊ ਵਿਕਾਸ, ਬਹੁਪੱਖੀ ਵਪਾਰ ਪ੍ਰਣਾਲੀ, ਹਥਿਆਰਬੰਦੀ, ਪਰਮਾਣੂ ਗੈਰ-ਪ੍ਰਸਾਰ ਦੇ ਮੁੱਦਿਆਂ ਅਤੇ ਦੱਖਣ-ਦੱਖਣੀ ਸਹਿਯੋਗ ਸਮੇਤ ਆਲਮੀ ਮਹੱਤਵ ਦੇ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਇਸ ਤੋਂ ਛੁੱਟ ਮੰਤਰੀਆਂ ਨੇ COVID -19 ਮਹਾਂਮਾਰੀ ਦੇ ਹਾਲਾਤ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ IBSA ਗਰੀਬੀ ਅਤੇ ਭੁੱਖ ਦੇ ਖਾਤਮੇ ਲਈ ਫੰਡ ਦੁਆਰਾ ਕੀਤੇ ਗਏ ਕੰਮ ਦੀ ਸ਼ਲਾਘਾ ਕੀਤੀ।

ਇਸ ਮੌਕੇ 'ਤੇ ਉਨ੍ਹਾਂ ਨੇ ਗਲੋਬਲ ਸਾਊਥ ਦੀ ਸਾਂਝੀ ਕੋਸ਼ਿਸ਼ ਵਜੋਂ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਸੁਧਾਰ ਬਾਰੇ IBSA ਸਾਂਝਾ ਮੰਤਰੀ ਪੱਧਰੀ ਬਿਆਨ ਅੰਗੀਕਾਰ ਕਰ ਜਾਰੀ ਕੀਤਾ। ਮੰਤਰੀਆਂ ਨੇ ਕੌਮਾਂਤਰੀ ਭਾਈਚਾਰੇ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿਚ ਤੇਜ਼ ਅਤੇ ਵਿਆਪਕ ਸੁਧਾਰ ਲਿਆਉਣ ਦੇ ਮਾਮਲੇ 'ਚ ਠੋਸ ਤਰੱਕੀ ਹਾਸਲ ਕਰਨ ਦੀ ਕੋਸ਼ਿਸ਼ ਨੂੰ ਹੋਰ ਤੇਜ਼ ਕਰਨ ਅਤੇ ਵਚਨਬੱਧਤਾ ਹੋਰ ਮਜ਼ਬੂਤ ਕਰਨ ਦੀ ਲੋੜ ਅਤੇ ਸਭਨਾਂ ਦੀ ਨੁਮਾਇੰਦਗੀ ਵਾਲੀ, ਸਮਾਵੇਸ਼ੀ, ਨਿਆਂਪੂਰਨ, ਜਵਾਬਦੇਹ ਅਤੇ ਕਾਰਗਰ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਪ੍ਰਾਪਤੀ ਲਈ ਸਥਾਈ ਅਤੇ ਗੈਰ-ਸਥਾਈ ਸ਼੍ਰੇਣੀਆਂ, ਦੋਨਾਂ ਚੋਂ ਉਭਰ ਰਹੇ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਸ਼ਾਮਲ ਕਰਨ ਵਾਸਤੇ ਸੁਰੱਖਿਆ ਪਰਿਸ਼ਦ ਦਾ ਵਿਸਥਾਰ ਕਰਨ ਪ੍ਰਤੀ ਵਚਨਬੱਧਤਾ ਮੁੜ ਤੋਂ ਸੁਰਜੀਤ ਕਰਨ 'ਤੇ ਜ਼ੋਰ ਦਿੱਤਾ। ਇਹ ਸਾਂਝਾ ਬਿਆਨ https://www.mea.gov.in/bilateral-documents.htm?dtl/32989 'ਤੇ ਵੇਖਿਆ ਜਾ ਸਕਦਾ ਹੈ।

ਇਸ ਤੋਂ ਅਲਾਵਾ ਮੰਤਰੀਆਂ ਨੇ ਕੌਮਾਂਤਰੀ ਮੰਚਾਂ 'ਤੇ IBSA ਭਾਈਵਾਲੀ ਵਧਾਉਣ ਅਤੇ ਸਾਡੇ ਤਿੰਨਾਂ ਦੇਸ਼ਾਂ ਵਿਚ IBSA ਦੇ ਆਯੋਜਨ ਕਰਾਏ ਜਾਣ 'ਤੇ ਸਹਿਮਤੀ ਪ੍ਰਗਟਾਈ।

ਦੱਖਣੀ ਅਫਰੀਕਾ ਅਤੇ ਬ੍ਰਾਜ਼ੀਲ ਨੇ IBSA ਭਾਈਵਾਲੀ ਦੀ ਰਫਤਾਰ ਨੂੰ ਜਾਰੀ ਰੱਖਣ ਲਈ ਭਾਰਤ ਦੀ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ।

ਨਵੀਂ ਦਿੱਲੀ
16 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.